**ਪੰਜਾਬ ਸਰਕਾਰ**

**ਸਕੂਲ ਸਿੱਖਿਆ ਵਿਭਾਗ**

ਵੱਲ;

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਐ.ਸਿ./ਸੈ.ਸਿ.),

ਸਮੂਹ ਸਕੂਲ ਮੁਖੀ, ਪੰਜਾਬ।

ਮੀਮੋ ਨੰ: Samagra/Smartschool/2021/61680 ਮਿਤੀ: 17.2.2021

ਵਿਸ਼ਾ:- **ਨਾਬਾਰਡ ਅਤੇ ਸਮੱਗਰਾ ਅਧੀਨ ਸਕੂਲਾਂ ਵਿੱਚ ਚੱਲ ਰਹੇ ਉਸਾਰੀ ਦੇ ਕੰਮਾਂ ਲਈ ਜਾਰੀ ਕੀਤੇ ਫੰਡਾਂ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਵਿਭਾਗ ਵੱਲੋਂ ਸਕੂਲਾਂ ਵਿੱਚ ਲੋੜੀਂਦਾ infrastructure ਮੁਹੱਈਆ ਕਰਵਾਉਣ ਲਈ ਸਮੱਗਰਾ ਅਤੇ ਨਾਬਾਰਡ ਅਧੀਨ ਗ੍ਰਾਂਟਾਂ ਜਾਰੀ ਕੀਤੀਆਂ ਜਾਂਦੀਆਂ ਹਨ। ਇਹ ਗ੍ਰਾਂਟਾਂ ਲੋਕ ਨਿਰਮਾਣ ਵਿਭਾਗ ਦੁਆਰਾ ਪ੍ਰਵਾਨਿਤ ਨਾਰਮਜ਼ ਅਨੁਸਾਰ ਜਾਰੀ ਕੀਤੀਆਂ ਜਾਂਦੀਆਂ ਹਨ, ਪ੍ਰੰਤੂ ਪਿਛਲੇ ਦਿਨੀਂ ਬਹੁਤ ਸਾਰੇ ਜਿਲ੍ਹਾ ਸਿੱਖਿਆ ਅਫ਼ਸਰਾਂ, ਬਲਾਕ ਸਿੱਖਿਆ ਅਫ਼ਸਰਾਂ ਅਤੇ ਸਕੂਲ ਮੁਖੀਆਂ ਦੁਆਰਾ ਇਹ ਗੱਲ ਧਿਆਨ ਵਿੱਚ ਲਿਆਂਦੀ ਗਈ ਕਿ ਹਾਲਾਂਕਿ ਸਰਕਾਰ ਦੁਆਰਾ ਜਾਰੀ ਗ੍ਰਾਂਟਾਂ ਦੀ ਵਰਤੋਂ ਸਕੂਲਾਂ ਵਿੱਚ ਬਹੁਤ ਕਫ਼ਾਇਤੀ ਤਰੀਕੇ ਨਾਲ ਕੀਤੀ ਜਾਂਦੀ ਹੈ ਅਤੇ ਇਹ ਕੰਮ ਲੋਕ ਨਿਰਮਾਣ ਵਿਭਾਗ ਦੁਆਰਾ ਪ੍ਰਵਾਨਿਤ ਰੇਟਾਂ ਤੋਂ ਘੱਟ ਰੇਟਾਂ ਤੇ ਹੀ ਮੁਕੰਮਲ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਪ੍ਰੰਤੂ ਬਾਕੀ ਬਚਦੀ ਰਾਸ਼ੀ ਨੂੰ ਸਕੂਲਾਂ ਦੇ ਵਿਕਾਸ ਦੇ ਹੋਰ ਕੰਮਾਂ ਲਈ ਖਰਚ ਕਰਨ ਤੋਂ ਇਸ ਕਾਰਨ ਗੁਰੇਜ਼ ਕੀਤਾ ਜਾਂਦਾ ਹੈ ਕਿਉਂਕਿ ਕਿਸੇ ਤਰ੍ਹਾਂ ਦੀ ਇਤਰਾਜ਼ ਵਾਲੀ ਸਥਿਤੀ ਉਤਪੰਨ ਨਾ ਹੋਵੇ। ਜਿਲ੍ਹਾ ਸਿੱਖਿਆ ਅਫ਼ਸਰਾਂ ਅਤੇ ਸਕੂਲ ਮੁਖੀਆਂ ਦੁਆਰਾ ਇਹ ਸੁਝਾਅ ਦਿੱਤਾ ਗਿਆ ਹੈ ਕਿ ਵਿਭਾਗ ਦੁਆਰਾ ਇਸ ਬਚੀ ਹੋਈ ਰਾਸ਼ੀ ਨੂੰ ਸਰਕਾਰੀ ਨਿਯਮਾਂ ਅਨੁਸਾਰ ਖਰਚ ਕਰਨ ਲਈ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਜਾਣ।

3.0 ਇਸ ਸਾਰੇ ਮਾਮਲੇ ਨੂੰ ਤੇ ਵਿਚਾਰ ਕਰਨ ਉਪਰੰਤ ਇਹ ਫੈਸਲਾ ਲਿਆ ਗਿਆ ਹੈ ਕਿ ਸਰਕਾਰ ਦੁਆਰਾ ਜਾਰੀ ਗ੍ਰਾਂਟਾਂ ਦਾ ਪੂਰੀ ਤਰ੍ਹਾਂ ਉਪਯੋਗ ਸਕੂਲਾਂ ਦੀ ਬਿਹਤਰੀ ਦੇ ਕੰਮਾਂ ਲਈ ਬੜੇ ਹੀ ਕਫ਼ਾਇਤੀ ਤਰੀਕੇ ਨਾਲ ਕੀਤਾ ਜਾਣਾ ਲਾਜ਼ਮੀ ਬਣਾਇਆ ਜਾਵੇ। ਸਰਕਾਰ ਦੁਆਰਾ ਜਾਰੀ ਗ੍ਰਾਂਟਾਂ ਵਿੱਚੋਂ ਜੋ ਵੀ ਬੱਚਤ ਹੋਵੇ ਉਸਨੂੰ ਹੇਠ ਲਿਖੇ ਕੰਮਾਂ ਲਈ ਪਹਿਲ ਦੇ ਆਧਾਰ ਤੇ ਇਸਤੇਮਾਲ ਕੀਤਾ ਜਾਵੇ:-

1. ਟੁਆਇਲੈਟਸ ਦੀ ਮੁਰੰਮਤ
2. ਸਕੂਲ ਗੇਟ ਦੀ ਉਸਾਰੀ ਅਤੇ ਨਵੀਨੀਕਰਨ
3. ਫਰਸ਼ਾਂ ਦੀ ਮੁਰੰਮਤ
4. ਖਿੜਕੀਆਂ ਦਰਵਾਜਿਆਂ ਦੀ ਮੁਰੰਮਤ
5. ਸਕੂਲ ਬਿਲਡਿੰਗ/ਕਲਾਸਰੂਮ ਵਿੱਚ ਪਲੱਸਤਰ
6. ਸਕੂਲ ਬਿਲਡਿੰਗ ਨੂੰ ਰੰਗ-ਰੋਗਨ
7. ਫਰਨੀਚਰ ਦੀ ਰਿਪੇਅਰ
8. ਚਾਰ-ਦੀਵਾਰੀ ਦੀ ਰਿਪੇਅਰ ਅਤੇ ਰੰਗ-ਰੋਗਨ
9. ਛੱਤਾਂ ਉੱਪਰ ਲੱਗਣ ਵਾਲੀਆਂ ਟਾਈਲਾਂ

4.0 ਉਕਤ ਬਕਾਇਆ ਰਾਸ਼ੀ ਦੀ ਵਰਤੋਂ ਸੁਚੱਜੇ ਢੰਗ ਨਾਲ ਅਤੇ ਵਿੱਤੀ ਨਿਯਮਾਂ ਅਨੁਸਾਰ ਸਕੂਲ ਮੈਨੇਜਮੈਂਟ ਕਮੇਟੀ ਦਾ ਮਤਾ ਪਾ ਕੇ ਕੀਤੀ ਜਾਵੇ।

5.0 ਸਟਾਕ ਰਜਿਸਟਰ ਵਿੱਚ ਸਾਰੇ ਸਮਾਨ ਦਾ ਇੰਦਰਾਜ ਕਰਨਾ ਯਕੀਨੀ ਬਣਾਇਆ ਜਾਵੇ ਅਤੇ ਕੀਤੇ ਗਏ ਖਰਚੇ ਦਾ ਪੂਰਾ ਰਿਕਾਰਡ ਮੈਨਟੇਨ ਕੀਤਾ ਜਾਵੇ।

6.0 ਇਸ ਤੋਂ ਇਲਾਵਾ ਜੇਕਰ ਉਕਤ ਨਿਯਮਾਂ ਵਿੱਚ ਕੋਈ ਹੋਰ ਛੋਟ ਲੋੜੀਂਦੀ ਹੋਵੇ ਤਾਂ ਸਮੂਹ ਸਕੂਲ ਮੁਖੀ ਸਿੱਧੇ ਤੌਰ ਤੇ ਆਪਣੇ ਜਿਲ੍ਹਾ ਸਿੱਖਿਆ ਅਫ਼ਸਰ ਰਾਹੀਂ ਸਬੰਧਤ ਨੋਡਲ ਅਫ਼ਸਰ ਨਾਲ ਰਾਬਤਾ ਕਰਨ।

**ਸਕੱਤਰ ਸਕੂਲ ਸਿੱਖਿਆ**